# ਕਾਹੇ ਨ ਬਾਲਮੀਕਹਿ ਦੇਖ

## ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ

## ੴ ਸਤਿ ਗੁਰ ਪ੍ਰਸਾਦਿ

ਇਹ ਸ਼ਬਦ ਭਗਤ ਰਵਿਦਾਸ ਜੀ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਰਾਗ ਕੇਦਾਰਾ ਵਿਚ, ਪੰਨਾ ੧੧੨੪ ਤੇ ਸੁਭਾਇਮਾਨ ਹੈ। ਇਸ ਸ਼ਬਦ ਵਿਚ ਭਗਤ ਜੀ ਹਰੀ ਪ੍ਰਭੂ ਭਗਤੀ ਦਾ ਮਹਾਤਮ ਦਸਦੇ ਹਨ।

**ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ॥**
**ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥੧॥**

-- ਜੇ ਮਨੁਖ **ਉਚੀ ਕੁਲ** ਦਾ ਵੀ ਹੋਵੇ ਅਤੇ ਇਸ ਦੇ ਨਾਲ ਨਾਲ, ਸਾਰੇ **ਸ਼ਾਸਤ੍ਰਾਂ ਆਦਿ ਨੂੰ ਪੜ੍ਹ ਕੇ, ਉਨ੍ਹਾਂ ਦੇ ਦਸੇ ਅਨੁਸਾਰ ਸਾਰੇ ਕਰਮ** ਵੀ ਕਰ ਲੈਂਦਾ ਹੈ, ਦੋਨੋਂ ਗਲਾਂ ਸੰਯੁਕਤ ਹੋਣ, ਪਰ ਹਿਰਦੇ ਵਿਚ ਹਰੀ ਪ੍ਰਭੂ ਦੀ ਭਗਤੀ, ਬੰਦਗੀ, ਸਿਮਰਨ ਨਹੀਂ ਹੈ,

-- ਜੇ ਉਸ ਨੂੰ ਪ੍ਰਭੂ ਦੇ ਸੋਹਣੇ ਚਰਨ-ਕੰਵਲਾਂ ਦਾ ਵਾਰ ਵਾਰ ਕਥਨ, ਬਿਆਨ, ਭਾਵ, ਵਡਿਆਈ, ਸਿਮਰਨ ਨਹੀਂ ਭਾਉਂਦਾ ਤਾਂ ਉਹ ਚੰਡਾਲ ਦੇ ਬਰਾਬਰ ਹੈ। ਚੰਡਾਲ ਉਹ ਹੁੰਦਾ ਹੈ ਜੋ ਮਾਸ ਨੂੰ ਰਿੰਨ੍ਹ ਕੇ ਖਾਂਦਾ ਹੈ, ਜਾਂ ਤਾਮਸਿਕ ਬਿਰਤੀ, ਉਪਜੀਵਕਾ ਵਾਲਾ ਹੁੰਦਾ ਹੈ, ਆਦਿ।੧।

ਪੰਚਮ ਪਾਤਸ਼ਾਹ ਦਾ ਨਿਰਨਾ ਹੈ ਕਿ ਸਾਰੀਆਂ ਸਿਮ੍ਰਿਤੀਆਂ, ਸਾਰੇ ਪੁਰਾਣ, ਚਾਰੇ ਵੇਦ, ਛੇ ਸ਼ਾਸਤ੍ਰ, ਆਦਿ ਸਾਰੇ ਧਰਮ ਗ੍ਰੰਥ, ਜਿਸ ਪ੍ਰਭੂ ਦਾ ਨਾਮ ਜਪਾਉਂਦੇ ਹਨ, ਭਾਵ, ਜਪਣ ਦਾ ਉਪਦੇਸ਼ ਕਰਦੇ ਹਨ, ਉਹ ਪਤਿਤ ਹੋ ਚੁਕਿਆਂ ਨੂੰ ਪਵਿਤਰ ਕਰਨ ਵਾਲਾ, ਭਗਤਾਂ ਦੀ ਪਤ ਦੀ ਰਾਖੀ ਕਰਨ ਵਾਲਾ ਪ੍ਰਭੂ, ਸੰਤ ਜਨਾਂ ਦੀ ਸੰਗਤਿ ਨਾਲ ਪ੍ਰਾਪਤ ਹੁੰਦਾ ਹੈ - 'ਸਿਮ੍ਰਿਤਿ ਪੁਰਾਣ ਚਤੁਰ ਬੇਦਹ ਖਟੁ ਸਾਸਤ੍ਰ ਜਾ ਕਉ ਜਪਾਤਿ।। ਪਤਿਤ ਪਾਵਨ ਭਗਤਿ ਵਛਲ ਨਾਨਕ ਮਿਲੀਐ ਸੰਗਿ ਸਾਤਿ।।', ਪੰਨਾ ੪੫੬, ('ਸਾਤਿ' ਦੇ ਅਰਥ, ਮਹਾਨ ਕੋਸ਼ ਵਿਚ ਵੀ 'ਸੰਤ' ਹਨ)। ਸਾਰੀ ਬਾਣੀ ਪੁਕਾਰ ਪੁਕਾਰ ਕੇ ਬਚਨ ਕਰਦੀ ਹੈ ਕਿ ਕਿਸੇ ਵੀ ਧਰਮ ਗ੍ਰੰਥ ਦਾ ਕੇਵਲ ਪਾਠ ਕਰੀ ਜਾਣ ਨਾਲ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਧਰਮ ਗ੍ਰੰਥ ਭਾਵੇਂ ਭਾਰਤੀ ਹੋਣ ਭਾਵੇਂ ਸਾਮੀ (ਪਛਮੀ), ਜਿਵੇਂ ਸਾਰੇ ਵੇਦ, ਸਾਰੇ ਸਾਮੀ ਗ੍ਰੰਥ, ਜਿਵੇਂ ਅਵੇਸਤਾ, ਕੁਰਾਨ, ਬਾਈਬਲ ਆਦਿ, ਸਾਰੀਆਂ ਸਿਮ੍ਰਿਤੀਆਂ, ਸ਼ਾਸਤਰ ਆਦਿ ਕੋਈ ਵੀ। ਜੋ ਗੁਰੂ ਤੋਂ ਪ੍ਰਾਪਤ ਇਕ ਅਖਰ, ਭਾਵ

ਗੁਰਮੰਤਰ ਦਾ ਗੁਰੂ ਅਨੁਸਾਰੀ ਹੋ ਕੇ ਜਾਪ ਜਪਦਾ ਹੈ, ਪ੍ਰਭੂ/ਗੁਰੂ ਦਰਬਾਰ ਵਿਚ ਉਸੇ ਦੀ ਹੀ ਨਿਰਮਲ ਸ਼ੋਭਾ ਹੋ ਸਕਦੀ ਹੈ - 'ਬੇਦ ਕਤੇਬ ਸਿਮ੍ਰਿਤਿ ਸਭ ਸਾਸਤ ਇਨ੍ ਪੜਿਆ ਮੁਕਤਿ ਨ ਹੋਈ।। ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ।।', ਪੰਨਾ ੭੪੭.

ਸ੍ਰੀ ਗੁਰੂ ਨਾਨਕ ਸਾਹਿਬ ਦਾ ਸਪੱਸ਼ਟ ਫ਼ੁਰਮਾਣ ਹੈ ਕਿ ਨਿਰੇ ਧਰਮ ਗ੍ਰੰਥਾਂ ਤੇ ਧਰਮ ਦੇ ਠੇਕੇਦਾਰਾਂ ਦੇ ਦਸੇ ਧਰਮ ਦੇ ਕਨੂੰਨਾਂ ਦੀ ਵੀਚਾਰ ਤੇ ਉਨ੍ਹਾਂ ਦੇ ਅਨੁਸਰਣ ਨਾਲ, ਭਾਵ, ਸ਼ਰ੍ਹਾ ਨਾਲ ਭਵਸਾਗਰ ਤੋਂ ਪਾਰ ਨਹੀਂ ਹੋਇਆ ਜਾ ਸਕਦਾ। ਉਸ ਲਈ ਸਿਮਰਨ ਰਾਹੀਂ ਅੰਦਰੋਂ ਬੁਝਣਾ ਜ਼ਰੂਰੀ ਹੈ - 'ਸਰੈ ਸਰੀਅਤਿ ਕਰਹਿ ਬੀਚਾਰੁ।। ਬਿਨੁ ਬੂਝੇ ਕੈਸੇ ਪਾਵਹਿ ਪਾਰੁ।।', ਪੰਨਾ ੮੪. ਪੰਚਮ ਪਾਤਸ਼ਾਹ ਅਗੋਂ ਹੋਰ ਫ਼ੁਰਮਾਣ ਕਰਦੇ ਹਨ ਕਿ ਕੁਰਾਨ, ਬਾਈਬਲ ਅਤੇ ਹੋਰ ਸਾਮੀ ਧਰਮਾਂ ਦੇ ਧਰਮ ਗ੍ਰੰਥਾਂ ਦੇ ਨਿਰੇ ਪਾਠ ਜਾਂ/ਅਤੇ ਟੀਕੇ ਪੜ੍ਹਨੇ ਕਾਫ਼ੀ ਨਹੀਂ। ਉਨ੍ਹਾਂ ਵਿਚਲੇ ਉਪਦੇਸ਼ ਅਨੁਸਾਰ, ਮਨ ਵਿਚ ਨਾਮ ਸਿਮਰਨ ਦੀ ਕਮਾਈ ਕਰਨ ਦੀ ਅਸਲ ਜ਼ਰੂਰਤ ਹੈ। ਸਾਧ ਜਨਾਂ ਦੇ ਬਚਨ ਇੰਨ-ਬਿੰਨ ਅਪਨਾਉਣੇ ਚਾਹੀਦੇ ਹਨ। ਕੁਦਰਤ ਵਿਚਲੀ ਸੁੰਦਰਤਾ, ਮੁਸ਼ਕ ਆਦਿ, ਇਹ ਸਭ ਅਲ੍ਹਾ ਦੀ ਬੰਦਗੀ ਨਾਲ ਹੀ ਮਿਲਦੇ ਹਨ। ਸਭ ਤੋਂ ਪਹਿਲਾਂ ਸ਼ਰ੍ਹਾ ਵਾਲੇ ਬੰਦੇ ਦੀ ਨਮਾਜ਼ (ਜਾਂ ਨਿਤਨੇਮ), ਉਸ ਮਾਲਕ ਦੀ ਸਿਫ਼ਤ ਸਲਾਹ ਜਾਂ ਸਿਮਰਨ ਦਾ ਹੋਣਾ ਹੈ। ਸਿਮਰਨ ਹੀ ਪਹਿਲੀ ਨਮਾਜ਼ ਹੈ, ਨਿਤਨੇਮ ਦਾ ਅਰੰਭ ਹੈ। ਉਸ ਤੋਂ ਬਾਅਦ ਫ਼ਿਰ ਅਗਲੀਆਂ ਨਮਾਜ਼ਾਂ ਤੇ ਧਰਮ ਕਰਮ ਜਾਂ ਗੁਣ ਹਨ, ਜਿਵੇਂ ਦੂਜੀ ਨਮਾਜ਼, ਸਬੂਰੀ ਜਾਂ ਸਿਦਕ ਹੈ। ਤੀਜੀ ਹਲੀਮੀ ਤੇ ਚੌਥੀ, ਸਰਬਤ ਦਾ ਭਲਾ ਮੰਗਣਾ ਹੈ। ਪੰਜਵੀਂ ਨਮਾਜ਼, ਪੰਜਾਂ ਵਿਕਾਰਾਂ ਨੂੰ ਕਾਬੂ ਵਿਚ ਰਖਣਾ ਹੈ। ਇਹੀ ਨਮਾਜ਼ਾਂ ਜਾਂ ਨਿਤਨੇਮ ਸ਼੍ਰੋਮਣੀ ਹਨ - 'ਕੁਰਾਣੁ ਕਤੇਬ ਦਿਲ ਮਾਹਿ ਕਮਾਹੀ।।...ਭਿਸਤੁ ਪੀਰ **ਲਫਜ** ਕਮਾਇ ਅੰਦਾਜਾ।। ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ।।...ਅਵਲਿ ਸਿਫਤਿ ਦੂਜੀ ਸਾਬੂਰੀ।। ਤੀਜੈ ਹਲੇਮੀ ਚਉਥੈ ਖੈਰੀ।। ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤਿ ਤੇਰੇ ਅਪਰਪਰਾ।।', ਪੰਨਾ ੧੦੮੩. ਸ੍ਰੀ ਗੁਰੂ ਨਾਨਕ ਸਾਹਿਬ ਨੇ ਸਾਰੇ ਧਰਮ ਵਿਚੋਂ ਸਿਮਰਨ, ਪ੍ਰਭੂ ਦੀ ਪ੍ਰੇਮ ਭਰੀ ਯਾਦ ਨੂੰ ਹੀ ਉਤਮ ਮੰਨਿਆਂ ਹੈ। ਉਸ ਤੋਂ ਬਾਅਦ ਗੁਣਾਂ ਦੀ ਜ਼ਰੂਰਤ ਦਸੀ ਹੈ। ਪੰਚਮ ਪਾਤਸ਼ਾਹ ਨੇ ਵੀ ਇਸੇ ਤਰ੍ਹਾਂ ਹੀ ਸਿਮਰਨ ਨੂੰ ਹੀ ਉਤਮ ਧਰਮ ਅਤੇ ਨਿਰਮਲ ਕਰਮ ਮੰਨਿਆਂ ਹੈ - 'ਸਰਬ ਧਰਮ ਮਹਿ ਸ੍ਰੇਸਟ ਧਰਮੁ।। ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।।', ਪੰਨਾ ੨੬੬. ਅਤੇ - 'ਸਭ ਤੇ ਊਤਮ ਇਹੁ ਕਰਮੁ।। ਸਗਲ ਧਰਮ ਮਹਿ ਸ੍ਰੇਸ਼ਟ ਧਰਮੁ।। ਹਰਿ ਸਿਮਰਨਿ ਤੇਰਾ ਹੋਇ ਉਧਾਰੁ।। ਜਨਮ ਜਨਮ ਕਾ ਉਤਰੈ ਭਾਰੁ।।', ਪੰਨਾ ੮੯੫.

**ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥**

**ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥੧॥ ਰਹਾਉ॥**

-- ਹੇ ਮੇਰੇ ਅਚੇਤ, ਨਾ-ਸਮਝ ਚਿਤ, ਮਨ ! ਉਸ ਪ੍ਰਭੂ ਨੂੰ ਚੇਤ ਲੈ, ਯਾਦ ਕਰ ਲੈ, ਭਾਵ, ਉਸ ਦਾ ਸਿਮਰਨ ਕਰ ਲੈ। ਹੇ ਮੇਰੇ ਮਨ ! ਬਾਲਮੀਕ ਵਲ ਹੀ ਵੇਖ ਲੈ ! ਕੁਝ ਸਿਖ ਲੈ !

ਇਥੇ ਭਗਤ ਰਵਿਦਾਸ ਜੀ ਦੀ ਸ਼ੈਲੀ ਸਮੁਚੀ ਗੁਰਬਾਣੀ ਵਾਲੀ ਹੈ। ਗੁਰ-ਜੋਤਿ ਭਗਤੀ ਤੇ ਨਿਰਗੁਨ-ਪ੍ਰਭੂ ਭਗਤੀ ਨੂੰ ਇਕ ਹੀ ਮੰਨਿਆਂ ਗਿਆ ਹੈ। ਇਤਿਹਾਸਕ ਤੌਰ ਤੇ ਇਹ ਬਾਲਮੀਕ ਜੀ, ਦੁਆਪਰ ਜੁਗ ਦੇ ਗੁਰ ਜੋਤਿ-ਸ੍ਰੀ ਕ੍ਰਿਸ਼ਨ ਜੀ ਦੇ ਭਗਤ ਹੋਏ ਹਨ, ਪਰ ਇਥੇ, ਭਗਤ ਰਵਿਦਾਸ ਜੀ, ਬਾਲਮੀਕ ਜੀ ਦੇ ਵਡੇ ਪਦ ਦੀ ਪ੍ਰਾਪਤੀ ਨੂੰ 'ਰਾਮ ਭਗਤਿ ਬਿਸੇਖ' ਭਾਵ, ਰਾਮ ਭਗਤੀ ਦੀ ਵਡਿਆਈ ਦਸ ਰਹੇ ਹਨ। ਇਸੇ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਦ੍ਰੋਪਦੀ ਦੀ ਕ੍ਰਿਸ਼ਨ-ਭਗਤੀ ਨੂੰ '**ਰਾਮ ਨਾਮ ਦੀ ਯਾਦ**' ਦਸਿਆ ਹੈ - 'ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ।।...', ਪੰਨਾ ੧੦੦੮.

-- ਹੇ ਮਨ ! ਤੂੰ ਕੁਝ ਸਿਖ ! ਉਹ ਬਾਲਮੀਕ, ਕਿਤਨੀ ਨੀਵੀਂ ਜਾਤ ਦਾ ਹੁੰਦਾ ਹੋਇਆ, ਕਿਤਨੀ ਉਚੀ ਅਮਰ ਪਦਵੀ ਨੂੰ ਹਾਸਲ ਕਰ ਗਿਆ, ਇਹੀ ਰਾਮ ਭਗਤੀ, ਭਾਵ, ਪ੍ਰਭੂ ਦੇ ਸਿਮਰਨ ਦੀ ਵਿਸ਼ੇਸ਼ਤਾ ਹੈ।੧।ਰਹਾਉ।

ਬਾਲਮੀਕ ਜੀ ਨੇ, ਜੋ ਜਾਤ ਦਾਂ ਚੰਡਾਲ ਸਨ, ਸ੍ਰੀ ਕ੍ਰਿਸ਼ਨ ਜੀ ਦੀ ਭਗਤੀ ਕੀਤੀ ਤੇ ਬਹੁਤ ਹੀ ਉਚੀ ਅਵਸਥਾ ਹਾਸਲ ਕਰ ਗਏ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਹਰੀ ਪ੍ਰਭੂ ਦੇ ਨਾਮ ਦੀ ਸੁਖਦਾਈ ਹੋਣ ਦੀ ਮਹਿਮਾ ਗਾਉਂਦੇ ਹੋਏ ਬਚਨ ਕਰਦੇ ਹਨ ਕਿ ਇਸੇ ਤਰ੍ਹਾਂ ਹੀ ਅਜਾਮਲ ਅਤੇ ਗਨਿਕਾ ਆਦਿ ਵੀ ਪਰਮ ਗਤੀ ਨੂੰ ਹਾਸਲ ਕਰ ਗਏ - 'ਹਰਿ ਕੋ ਨਾਮੁ ਸਦਾ ਸੁਖਦਾਈ।। ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ।।', ਪੰਨਾ ੧੦੦੮.

**ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥**

**ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥੨॥**

-- ਬਾਲਮੀਕ ਜੀ ਜੋ ਕੁਤਿਆਂ ਆਦਿ ਜਾਨਵਰਾਂ ਦੇ ਵੈਰੀ ਸਨ, ਭਾਵ, ਉਨ੍ਹਾਂ ਨੂੰ ਮਾਰ ਕੇ ਖਾਂਦੇ ਸਨ ਅਤੇ ਸਭ ਤੋਂ ਨੀਵੀਂ ਜਾਤਿ ਦੇ ਸਨ, ਸ੍ਰੀ ਕ੍ਰਿਸ਼ਨ ਜੀ ਨਾਲ ਪ੍ਰੇਮ ਲਾ ਬੈਠੇ।

ਪੰਜਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਪੰਜਾਂ ਸਾਲਾਂ ਦਾ, ਅਨਾਥਾਂ ਸਮਾਨ ਬਾਲਕ ਧ੍ਰੂ, ਪ੍ਰਭੂ ਸਿਮਰਨ ਕਰ ਕੇ ਅਟਲ ਪਦਵੀ ਹਾਸਲ ਕਰ ਲਈ। ਇਸੇ

ਤਰ੍ਹਾਂ ਵਿਚਾਰੇ ਬਾਲਮੀਕ ਚੰਡਾਲ ਅਤੇ ਬਧਿਕ ਵੀ ਤਰ ਗਏ। ਅਰਾਧਦਿਆਂ, ਇਕ ਅਖ ਝਪਕਣ ਦੇ ਸਮੇਂ ਜਿਤਨੇ ਸਮੇਂ ਲਈ, ਲਿਵ ਲਗ ਜਾਣ ਨਾਲ ਹਾਥੀ ਅਤੇ ਤੇਂਦੂਆ ਵੀ ਪਾਰ ਹੋ ਗਏ - 'ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ।।...ਬਾਲਮੀਕੁ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ।। ਏਕ ਨਿਮਖ ਮਨ ਮਾਹਿ ਅਰਾਧਿਓ ਗਜਪਤਿ ਪਾਰਿ ਉਤਰੇ।।', ਪੰਨਾ ੯੯੯. ਇਨ੍ਹਾਂ ਸਭ ਨੂੰ ਤਾਰਨ ਦਾ ਕੰਮ ਗੁਰ ਜੋਤਿ ਨੇ ਕੀਤਾ ਜਿਵੇਂ ਕਿ ਭਗਤ ਨਾਮਦੇਵ ਜੀ, ਧ੍ਰੂ ਭਗਤ ਤੇ ਕਿਰਪਾ ਕਰਨ ਲਈ ਸ੍ਰੀ ਰਾਮ ਚੰਦਰ ਜੀ ਦੀ ਵਡਿਆਈ ਕਰਦੇ ਹਨ ਕਿ ਉਸ ਗੁਰ ਜੋਤਿ, ਨਾਮਦੇਵ ਦੇ ਸੁਆਮੀ (ਤ੍ਰੇਤੇ ਵਿਚ ਸ੍ਰੀ ਰਾਮ ਚੰਦਰ ਜੀ ਦੇ ਸਰੂਪ) ਨੇ, ਬੇਢੀ ਨੇ ਸਮੁੰਦਰ ਨੂੰ ਬੰਨ੍ਹਿਆਂ, ਆਪਣੇ ਪਿਛਲੇ ਸਰੂਪ ਵਿਚ ਧ੍ਰੂ ਨੂੰ ਥਾਪਿਆ, ਤ੍ਰੇਤੇ ਵਿਚ ਸੀਤਾ ਲੈ ਆਂਦੀ ਤੇ ਭਭੀਖਣ ਨੂੰ ਲੰਕਾ ਦਿਤੀ - 'ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ।। ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ।।', ਪੰਨਾ ੬੫੭.

-- ਸਧਾਰਨ ਲੋਕ ਵਿਚਾਰੇ, ਬਾਲਮੀਕ ਜੀ ਦੀ ਕੀ ਵਡਿਆਈ ਕਰ ਸਕਦੇ ਹਨ, ਜਾਂ ਜਾਣ ਸਕਦੇ ਹਨ, ਅਜਿਹੇ ਭਗਤ ਦਾ ਜਸ ਤਾਂ, ਸ੍ਰੀ ਕ੍ਰਿਸ਼ਨ ਜੀ ਦੀ ਕਿਰਪਾ ਨਾਲ, ਸਮੁਚੇ ਤਿੰਨਾਂ ਲੋਕਾਂ ਵਿਚ ਹੀ ਪ੍ਰਵੇਸ਼ ਕਰ ਗਿਆ, ਖਿਲਰ ਗਿਆ।੨।

**ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ ॥**

**ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥੩॥੧॥**

-- ਇਸੇ ਤਰ੍ਹਾਂ ਹੋਰ ਭਗਤਾਂ ਦਾ, ਭਗਤ ਰਵਿਦਾਸ ਜੀ, ਦ੍ਰਿਸ਼ਟਾਂਤ ਦਿੰਦੇ ਹਨ ਕਿ ਅਜਾਮਲ, ਪਿੰਗਲਾ, ਸ਼ਿਕਾਰੀ ਬਧਿਕ ਅਤੇ ਹਾਥੀ ਵਰਗੇ, ਸਚੇ ਮਨ ਨਾਲ ਸਿਮਰਨ ਕਰ ਕੇ, ਪ੍ਰਭੂ ਨੂੰ ਯਾਦ ਕਰ ਕੇ ਹਰੀ ਪ੍ਰਭੂ ਦੇ ਕੋਲ ਹੀ ਅਪੜ ਗਏ।

ਅਜਾਮਲ, ਜੋ ਧਾੜਵੀ ਸੀ, ਮਹਾਂ ਪਾਪੀ ਸੀ, ਕਿਸੇ ਮਹਾਤਮਾ ਦੇ ਬਚਨ ਕਰਨ ਤੇ ਪੁਤਰ ਦਾ ਨਾਂ '**ਨਰਾਇਣ**' ਰਖ ਲਿਆ ਅਤੇ ਆਪਣੇ ਅੰਤ ਕਾਲ ਤੇ '**ਨਰਾਇਣ ਨਰਾਇਣ**...' ਸਿਮਰਦਾ ਪਰਮ ਗਤੀ ਨੂੰ ਪ੍ਰਾਪਤ ਹੋ ਗਿਆ।

ਪਿੰਗਲਾ, ਜਨਕਪੁਰੀ ਵਿਚ ਰਹਿਣ ਵਾਲੀ ਇਕ ਵੇਸਵਾ ਸੀ। ਇਹ ਰਾਜਾ ਜਨਕ ਤੇ ਮੋਹਿਤ ਹੋ ਗਈ, ਪਰ ਉਹ ਰਾਜਾ ਜਨਕ ਨੂੰ ਪ੍ਰਾਪਤ ਨਹੀਂ ਸੀ ਕਰ ਸਕਦੀ। ਰਾਜਾ ਜਨਕ ਰਿਸ਼ੀਆਂ ਮੁਨੀਆਂ ਭਗਤਾਂ ਦੀ ਸਭਾ ਵਿਚ, ਆਮ ਲਗਾਇਆ ਕਰਦਾ ਸੀ। ਇਕ ਵਾਰ ਉਨ੍ਹਾਂ ਸਾਰਿਆਂ ਦੀ ਸਭਾ ਵਿਚ ਬਚਨ

ਬਿਲਾਸ ਸੁਣ ਕੇ ਉਸ ਦੇ ਮਨ ਵਿਚ ਵੈਰਾਗ ਆ ਗਿਆ ਅਤੇ ਫ਼ਿਰ ਸੋਚ ਆ ਗਈ ਕਿ ਜੇ ਇਹੀ ਪ੍ਰੇਮ ਮੈਂ ਪ੍ਰਭੂ ਨਾਲ ਕਰ ਲਵਾਂ ! ਇਸ ਤਰ੍ਹਾਂ ਉਸ ਨੇ ਪ੍ਰਭੂ ਦਾ ਸਿਮਰਨ ਸ਼ੁਰੂ ਕਰ ਲਿਆ ਤੇ ਕਰਦਿਆਂ ਕਰਦਿਆਂ ਉਸ ਦੀ ਲਿਵ ਲਗ ਗਈ। ਪਿੰਗੁਲਾ ਦੀ ਕਥਾ 'ਭਾਗਵਤ ਪੁਰਾਣ' ਵਿਚ ਵੀ ਲਿਖੀ ਮਿਲਦੀ ਹੈ।

ਲੁਭਤ, ਭਾਵ ਬਧਿਕ ਇਕ ਸ਼ਿਕਾਰੀ ਸੀ, ਜਿਸ ਨੇ ਇਕ ਸਾਧੂ, ਚੰਦ੍ਰਕ ਮੁਨੀ ਦੇ ਕਹਿਣੇ ਤੇ ਵਿਸ਼ਵਾਸ ਕਰ ਕੇ '**ਚਤੁਰਭੁਜ**' ਪੰਛੀ ਦੀ ਭਾਲ ਕਰਦਾ ਕਰਦਾ ਪ੍ਰਭੂ ਚਤੁਰਭੁਜ ਨਾਲ ਲਿਵ ਲਗ ਗਈ। ਦਰਸ਼ਨ ਕਰ ਕੇ ਹਰੀ ਦੇ ਦੇਸ ਅਪੜ ਗਿਆ। ਇਕ ਸ਼ਿਕਾਰੀ, ਬਧਿਕ ਉਹ ਵੀ ਸੀ, ਜਿਸ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਗਲਤੀ ਨਾਲ ਤੀਰ ਮਾਰ ਦਿਤਾ ਸੀ ਅਤੇ ਸ੍ਰੀ ਕ੍ਰਿਸ਼ਨ ਜੀ ਨੇ ਉਸ ਦਾ ਉਧਾਰ ਕਰ ਦਿਤਾ।

ਕੁੰਚਰ, ਇਕ ਹਾਥੀ ਦੇ, ਤਲਾਅ ਵਿਚੋਂ ਪਾਣੀ ਪੀਂਦੇ ਦੀ ਤੇਂਦੁਏ ਨੇ ਲਤ ਫ਼ੜ ਲਈ। ਹਰੀ ਪ੍ਰਭੂ ਨੂੰ, ਰਖਿਆ ਲਈ ਬੇਨਤੀ ਕਰਦੇ ਦੀ ਲਿਵ ਲਗ ਗਈ। ਭਗਤ ਨਾਮਦੇਵ ਜੀ ਦੇ ਬਚਨ ਹਨ, ਪ੍ਰਭੂ ਜੀ, ਹਥ ਤੇ ਚਕਰ ਧਾਰਨ ਕਰ ਕੇ, ਬੈਕੁੰਠ ਲੋਕ ਤੋਂ ਆ ਕੇ ਉਸ ਦੀ ਰਖਿਆ ਕੀਤੀ ਤੇ ਉਧਾਰ ਕਰ ਦਿਤਾ - 'ਕਰ ਧਰੇ ਚਕ੍ਰ ਬੈਕੁੰਠ ਤੇ ਆਏ  ਗਜ ਹਸਤੀ ਕੇ ਪ੍ਰਾਨ ਉਧਾਰੀਅਲੇ।।', ਪੰਨਾ ੯੮੮.

ਇਨ੍ਹਾਂ ਸਾਰਿਆਂ ਦੇ ਭਗਤੀ ਤੇ ਉਧਾਰ ਦੇ ਹਵਾਲੇ, ਗੁਰਬਾਣੀ ਵਿਚ ਅਨੇਕ ਥਾਈਂ ਆਏ ਹਨ।

-- ਭਗਤ ਰਵਿਦਾਸ ਜੀ ਫ਼ੁਰਮਾਣ ਕਰਦੇ ਹਨ ਕਿ ਹੇ ਮਨ ! ਸਿਮਰਨ ਅਤੇ ਸਾਧ ਜਨਾਂ ਦੀ ਸੰਗਤਿ ਦੀ ਬਰਕਤ ਨਾਲ ਇਤਨੇ ਮੰਦ-ਕਰਮੀਆਂ ਦਾ ਵੀ ਉਧਾਰ ਹੋ ਗਿਆ ਤਾਂ ਇਹ ਕੁਝ ਕਰ ਲੈਣ ਨਾਲ ਤੂੰ ਵੀ ਕਿਉਂ ਨਾ ਤਰੇਂਗਾ !੩।੧।

ਕਹਿਣ ਦਾ ਭਾਵ ਇਹ ਕਿ ਸਾਧ ਜਨਾਂ ਦੀ ਸੰਗਤਿ ਅਤੇ ਸਿਮਰਨ ਕਰਨ ਨਾਲ ਮੰਦ ਕਰਮੀਆਂ ਦਾ ਵੀ ਉਧਾਰ ਹੋ ਜਾਂਦਾ ਹੈ। ਇਸ ਲਈ ਇਹ ਦੋਨੋਂ ਕੰਮ ਕਰ ਲੈਣ ਦਾ, ਇਸ ਸਾਰੇ ਸ਼ਬਦ ਰਾਹੀਂ, ਭਗਤ ਰਵਿਦਾਸ ਜੀ ਨੇ ਉਪਦੇਸ਼ ਦਿਤਾ ਹੈ।

